ਦਫਤਰ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਪਟਿਆਲਾ।
(ਨਾਭਾ ਰੋਡ ਰੌਣੀ,ਪਟਿਆਲਾ) **0175-2970225**

ਸੇਵਾ ਵਿਖੇ,

ਡਾਇਰੈਕਟਰ,ਪਸ਼ੂ ਪਾਲਣ ਵਿਭਾਗ ਪੰਜਾਬ,
ਐਸ.ਏ.ਐਸ. ਨਗਰ (ਮੋਹਾਲੀ)

ਨੰਬਰ1255/ ਮਿਤੀ:27/8/2020

ਵਿਸਾ:- ਟੈਂਡਰ ਨੌਟਿਸ ਪ੍ਰਕਾਸਿਤ ਕਰਨ ਸਬੰਧੀ ।

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਸਥਾਈ ਕਲਿੰਗ ਕਮੇਟੀ ਵਲੋਂ ਮਿਤੀ 20/08/2020 ਨੂੰ ਰੌਣੀ ਫਾਰਮ, ਪਟਿਆਲਾ ਵਿਖੇ 26 ਪਸ਼ੂ (ਗਾਂਵਾਂ/ਵੱਛੀਆਂ) ਈ.ਟੀ. ਸੈਕਸ਼ਨ, 13 ਪਸ਼ੂ (7 ਗਾਂਵਾਂ/ਵੱਛੀਆਂ ਅਤੇ 6 ਵੱਛੇ) ਲਾਈਵਸਟਾਕ ਸੈਕਸ਼ਨ, 37 ਪਸ਼ੂ (28 ਵੱਛੇ ਅਤੇ 9 ਗਾਵਾਂ) ਗੋਕਲ ਮਿਸ਼ਨ ਅਤੇ 39 ਪਸ਼ੂ (8 ਸਾਹੀਵਾਲ 22 ਗੀਰ ਗਾਵਾਂ/ਵੱਛੀਆਂ ਅਤੇ 5 ਗੀਰ ਅਤੇ 4 ਸਾਹੀਵਾਲ ਵੱਛੇ) ਗੋਕੁਲ ਗਰਾਮ ਬੀੜ ਦੋਸਾਂਝ ਨਾਭਾ ਕੁੱਲ 115 ਪਸ਼ੂ ਕਲ੍ਹ ਕੀਤੇ ਗਏ ਸਨ। ਨਾਭਾ ਅਤੇ ਪਟਿਆਲਾ ਵਿਖੇ ਕੋਈ ਸਥਾਈ ਪਸ਼ੂ ਮੰਡੀ ਨਹੀ ਹੈ। ਇਨ੍ਹਾਂ ਕਲ੍ਹ ਕੀਤੇ ਪਸ਼ੂਆਂ ਦੇ ਤੁਰੰਤ ਨਿਪਟਾਰੇ ਲਈ ਖੁੱਲੀ ਬੋਲੀ (ਜਿਵੇਂ ਹਨ-ਜਿਥੇ ਹਨ) ਰਾਹੀਂ ਵੇਚਣ ਦੀ ਪ੍ਰਵਾਨਗੀ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ। ਮਿਤੀ 7/9/2020 ਨੂੰ ਇਨ੍ਹਾਂ ਪਸ਼ੂਆਂ ਦੀ ਨਿਲਾਮੀ ਲਈ ਕਮੇਟੀ ਦਾ ਗੱਠਨ ਕੀਤਾ ਜਾਵੇ। ਇਸ ਸਬੰਧੀ ਅਖਬਾਰਾਂ ਵਿੱਚ ਟੈਂਡਰ ਨੋਟਿਸ ਪ੍ਰਕਾਸ਼ਤ ਕਰਨਾ ਹੈ। ਜਿਲ੍ਹਾ ਲੋਕ ਸਪੰਰਕ ਅਫਸਰ ਪਟਿਆਲਾ ਦੇ ਪੱਤਰ ਨੰ: 18/1578, ਮਿਤੀ 6/2/2018 ਦੀਆਂ ਹਦਾਇਤਾਂ ਅਨੁਸਾਰ ਪ੍ਰਕਾਸਿਤ ਕਰਨ ਦੀਆਂ ਸਰਤਾ/ਨੌਟਿਸ ਪਹਿਲਾ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀਆਂ ਜਾਣੀਆਂ ਹਨ।

ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਸਰਤਾਂ/ਨੋਟਿਸ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

ਜੇਕਰ ਕੁਝ ਗਾਂਵਾਂ/ਵੱਛੀਆਂ/ਵੱਛੇ ਨਿਲਾਮ ਨਹੀ ਹੁੰਦੀਆਂ, ਤਾਂ ਉਨ੍ਹਾਂ ਨੂੰ ਕੈਟਲ ਪੌਂਡ, ਗਾਜੀਪੁਰ ਸਮਾਣਾ ਵਿਖੇ ਭੇਜਦ ਦੀ ਪ੍ਰਵਾਨਗੀ ਦਿੱਤੀ ਜਾਵੇ ਜੀ।

27/8/2020

ਡਿਪਟੀ ਡਾਇਰੈਕਟਰ,
ਪਸ਼ੂ ਪਾਲਣ, ਪਟਿਆਲਾ ।

27/8/20

ਪਿੱਠ ਅੰਕਣ ਨੰਬਰ...12............../ ਮਿਤੀ ................../2020

ਇਸ ਦਾ ਇੱਕ ਉਤਾਰਾ ਇੰਨਫਾਰਮੇਸਨ ਅਫਸਰ ਦਫਤਰ ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ, ਐਸ.ਏ.ਐਸ. ਨਗਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਡਿਪਟੀ ਡਾਇਰੈਕਟਰ,
ਪਸ਼ੂ ਪਾਲਣ, ਪਟਿਆਲਾ।

ਪੰਜਾਬ ਸਰਕਾਰ

ਪਸ਼ੂ ਪਾਲਣ ਵਿਭਾਗ ਪੰਜਾਬ,ਡਿਪਟੀ ਡਾਇਰੈਕਟਰ ਪਸ਼ੂ ਪਾਲਣ ਪਟਿਆਲਾ

ਨਿਲਾਮੀ ਨੋਟਿਸ

ਨਿਲਾਮੀ ਨੋਟਿਸ ਨੰ-1 ਮਿਤੀ 01-09-2020

ਨਿਲਾਮੀ ਕਰਨ ਵਾਲਾ ਵਿਭਾਗ - ਡਿਪਟੀ ਡਾਇਰੈਕਟਰ ਪਸ਼ੂ ਪਾਲਣ ਪਟਿਆਲਾ

ਨਿਲਾਮੀ ਦਾ ਵੇਰਵਾ - ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਟਰ ਆਫ ਐਕਸੀਲੇਂਸ ਆਨ ਕੈਟਲ ਬਰੀਡਿੰਗ ਰੌਣੀ (ਪਟਿਆਲਾ) ਵਿਖੇ 26 ਪਸ਼ੂ (ਗਾਂਵਾਂ/ਵੱਛੀਆਂ) ਈ.ਟੀ. ਸੈਕਸ਼ਨ, 13 ਪਸ਼ੂ (7 ਗਾਂਵਾਂ/ਵੱਛੀਆਂ ਅਤੇ 6 ਵੱਛੇ) ਲਾਈਵਸਟਾਕ ਸੈਕਸ਼ਨ, 37 ਪਸ਼ੂ (28 ਵੱਛੇ ਅਤੇ 9 ਗਾਵਾਂ) ਰਾਸ਼ਟਰੀ ਗੋਕਲ ਮਿਸ਼ਨ ਅਤੇ 39 ਪਸ਼ੂ (8 ਸਾਹੀਵਾਲ, 22 ਗੀਰ ਗਾਵਾਂ/ਵੱਛੀਆਂ ਅਤੇ 5 ਗੀਰ ਅਤੇ 4 ਸਾਹੀਵਾਲ ਵੱਛੇ) ਗੋਕੁਲ ਗਰਾਮ ਬੀੜ ਦੋਸਾਂਝ ਨਾਭਾ ਵਿਖੇ ਨਿਲਾਮੀ ਖੁੱਲੀ ਬੋਲੀ ਰਾਹੀਂ ਕੀਤੀ ਜਾਵੇਗੀ।

ਰਕਮ ਬਿਆਨਾ - 5000/-ਰੁਪਏ (ਮੋੜਨਯੋਗ)

ਨਿਲਾਮੀ ਦੀ ਮਿਤੀ 07-09-2020

ਨਿਲਾਮੀ ਦਾ ਸਥਾਨ 76 ਗਾਂਵਾਂ/ਵੱਛੀਆਂ/ਵੱਛੇ ਲਈ ਸੈਟਰ ਆਫ ਐਕਸੀਲੇਂਸ ਆਨ ਕੈਟਲ ਬਰੀਡਿੰਗ ਰੌਣੀ (ਪਟਿਆਲਾ) ਅਤੇ 39 ਗਾਂਵਾਂ/ਵੱਛੇ ਲਈ ਗੋਕੁਲ ਗਰਾਮ, ਬੀੜ ਦੋਸਾਂਝ, ਨਾਭਾ

ਨਿਯਮਾ ਅਤੇ ਸਰਤਾ ਲਈ ਕਿਰਪਾ ਕਰਕੇ ਵੈਬਸਾਈਟ **www.husbandrypunjab.org** ਦੇਖੋ।ਸੋਧ ਜੇ ਕਰ ਕੋਈ ਹੋਈ ਤਾਂ ਕੇਵਲ ਵੈਬਸਾਈਟ ਤੇ ਜਾਰੀ ਕੀਤੀ ਜਾਵੇਗੀ।

ਡਿਪਟੀ ਡਾਇਰੈਕਟਰ,
ਪਸ਼ੂ ਪਾਲਣ, ਪਟਿਆਲਾ।

## ਸੈਟਰ ਆਫ ਐਕਸੀਲੇਂਸ ਆਨ ਕੈਟਲ ਬਰੀਡਿੰਗ ਰੌਣੀ (ਪਟਿਆਲਾ) ਅਤੇ ਬੀੜ ਦੋਸਾਂਝ, ਨਾਂਭਾ ਦੇ ਪਸ਼ੂਆਂ ਦੀ ਨਿਲਾਮੀ ਸਬੰਧੀ ਸ਼ਰਤਾਂ

1) ਬੋਲੀ ਲਈ ਸਕਿਉਰਟੀ ਰੁ 5000/-(ਮੋੜਨ ਯੋਗ) ਜਮ੍ਹਾ ਕਰਵਾਉਣੀ ਹੋਵੇਗੀ।

2) ਵੇਚੇ ਗਏ ਜਾਨਵਰ ਨਾਲ ਕੋਈ ਰੱਸਾ ਆਦਿ ਨਹੀ ਦਿੱਤਾ ਜਾਵੇਗਾ।

3) ਕਮੇਟੀ ਨੂੰ ਪੁਰਾ ਅਧਿਕਾਰ ਹੈ ਕਿ ਉਹ ਵੱਧ ਤੋਂ ਵੱਧ ਬੋਲੀ ਵੀ ਰੱਦ ਕਰ ਸਕਦੀ ਹੈ।

4) ਬੋਲੀ ਟੁੱਟਣ ਤੇ ਖਰੀਦਦਾਰ ਨੂੰ ਬਣਦੀ ਰਕਮ ਮੋਕੇ ਤੇ ਹੀ ਜਮ੍ਹਾਂ ਕਰਵਾਉਣੀ ਹੋਵੇਗੀ, ਜੇਕਰ ਖਰੀਦਦਾਰ ਬੋਲੀ ਉਪਰੰਤ ਬਣਦੀ ਰਕਮ ਜਮ੍ਹਾਂ ਕਰਵਾਉਣ ਲਈ ਅਸਮੱਰਥ ਰਹਿੰਦਾ ਹੈ ਤਾਂ ਉਸ ਦੀ ਸਕਿਉਰਟੀ ਜਬਤ ਕਰ ਲਈ ਜਾਵੇਗੀ।

5) ਬਾਕੀ ਸਰਤਾ ਮੋਕੇ ਤੇ ਹੀ ਦੱਸੀਆਂ ਜਾਣਗੀਆਂ।

27/8/2020

ਡਿਪਟੀ ਡਾਇਰੈਕਟਰ,
ਪਸ਼ੂ ਪਾਲਣ, ਪਟਿਆਲਾ।

27/8/20